بِسْمِ اللّٰهِ الرَّحْمٰنِ الرَّحِيْمِ    نَحْمَدُهٗ وَ نُصَلِّیْ عَلٰی رَسُوْلِهِ الْكَرِيْمِ    وَعَلٰی عَبْدِهِ الْمَسِيْحِ الْمَوْعُوْدِ
لَآ اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਤਬੂਕ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 31 ਅਕਤੂਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ
الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا
الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਗ਼ਜ਼ਵਾ ਤਬੂਕ ਦਾ ਅੱਜ ਕੱਲ ਜ਼ਿਕਰ ਹੋ ਰਿਹਾ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਇਸ ਗ਼ਜ਼ਵੇ ਦੇ ਲਈ ਰਵਾਨਾ ਹੋਏ ਤਾਂ ਇਸ ਬਾਰੇ **ਤਾਰੀਖ਼** ਸਾਨੂੰ ਹੋਰ ਦੱਸਦੀ ਹੈ ਕਿ ਇਸਲਾਮੀ ਫ਼ੌਜ ਵੱਖ ਵੱਖ ਪੜਾਅ ਕਰਦੀ ਹੋਈ ਸਫ਼ਰ ਕਰਦੀ ਰਹੀ ਅਤੇ ਇਸ ਸਫ਼ਰ ਦੇ ਦੌਰਾਨ ਲਗਾਤਾਰ ਨਮਾਜ਼ਿ **ਜ਼ੁਹਰ** ਅਤੇ **ਅਸ੍ਰ** ਅਤੇ **ਮਗ਼ਰਿਬ** ਅਤੇ **ਇਸ਼ਾਅ** ਜਮ੍ਹਾ ਕਰਕੇ ਅਦਾ ਕੀਤੀਆਂ ਜਾਂਦੀਆਂ ਰਹੀਆਂ। ਇਸ ਸਫ਼ਰ ਵਿੱਚ ਹਜ਼ਰਤ ਅਬਦੁੱਰ ਰਹਮਾਨ ਬਿਨ ਔਫ਼ ਰਜ਼ਿ ਅੱਲਾਹੁ ਅਨਹੁ ਨੂੰ ਨਮਾਜ਼ ਦੀ ਇਮਾਮਤ ਦੀ ਤੌਫ਼ੀਕ਼ ਮਿਲੀ। ਇਸੇ ਤਰ੍ਹਾਂ ਇਹ ਸਫ਼ਰ ਦੇ ਦੌਰਾਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਇਸਲਾਮੀ ਫ਼ੌਜ **ਕ਼ੌਮਿ ਸਮੂਦ** ਦੇ ਖੰਡਰਾਂ ਦੇ ਕੋਲੋਂ ਲੰਘੇ। ਇਸ ਇਲਾਕ਼ੇ ਦਾ ਨਾਮ **ਹਜਰ** ਹੈ ਅਤੇ ਇਹ ਮਦੀਨੇ ਤੋਂ ਤਬੂਕ ਜਾਂਦੇ ਹੋਏ ਰਸਤੇ ਵਿੱਚ ਆਉਂਦਾ ਹੈ, ਅੱਜ ਕੱਲ ਇਸ ਨੂੰ **ਮਦਾਇਨਿ ਸਾਲਿਹ** ਕਹਿੰਦੇ ਹਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਜਗ੍ਹਾ ਦਾ ਪਾਣੀ ਇਸਤੇਮਾਲ ਕਰਨ ਅਤੇ ਵਜ਼ੂ ਕਰਨ ਤੋਂ ਵੀ ਮਨ੍ਹਾ ਫ਼ਰਮਾਇਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਇਨ੍ਹਾਂ ਲੋਕਾਂ ਦੀਆਂ ਬਸਤੀਆਂ ਵਿੱਚ ਦਾਖ਼ਿਲ ਨਾ ਹੋਵੋ ਜਿਨ੍ਹਾਂ ਨੇ **ਜ਼ੁਲਮ** ਕੀਤਾ ਪਰ ਇਹ ਕਿ ਤੁਸੀਂ ਰੋ ਰਹੇ ਹੋ। ਇੰਝ ਨਾ ਹੋਵੇ ਕਿ ਤੁਹਾਨੂੰ ਉਹ ਮੁਸੀਬਤ ਪਹੁੰਚੇ ਜਿਹੜੀ ਉਨ੍ਹਾਂ ਨੂੰ ਪਹੁੰਚੀ ਸੀ। ਇੱਕ ਰਿਵਾਇਤ ਵਿੱਚ ਜ਼ਿਕਰ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣਾ **ਚਿਹਰਾ ਮੁਬਾਰਕ** ਢੱਕ ਲਿਆ ਅਤੇ ਸਵਾਰੀ ਤੇਜ਼ ਕਰ ਲਈ।

ਇਸੇ ਸਫ਼ਰ ਦੇ ਦੌਰਾਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਊਠਣੀ **ਕ਼ਸਵਾ** ਦੇ ਗਵਾਚਣ ਦਾ ਵਾਕ਼ਿਆ ਵੀ ਪੇਸ਼ ਆਇਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਮੌਕ਼ੇ 'ਤੇ ਫ਼ਰਮਾਇਆ ਕਿ **ਐਤਰਾਜ਼** ਕਰਨ ਵਾਲਾ ਸ਼ਖ਼ਸ ਕਹਿੰਦਾ ਹੈ ਕਿ ਮੁਹੰਮਦ ਖ਼ੁਦ ਨੂੰ ਨਬੀ ਕਹਿੰਦਾ ਹੈ ਪਰ ਇਹ ਤੱਕ ਨਹੀਂ ਜਾਣਦਾ ਕਿ ਉਸ ਦੀ ਗਵਾਚੀ ਹੋਈ ਊਠਣੀ ਕਿੱਥੇ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਖ਼ੁਦਾ ਦੀ ਕ਼ਸਮ! ਮੈਂ ਨਹੀਂ ਜਾਣਦਾ ਸਿਵਾਏ ਇਸ ਦੇ ਜਿਸ ਦਾ ਇਲਮ ਮੈਨੂੰ ਖ਼ੁਦਾ ਨੇ ਦਿੱਤਾ ਹੈ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੈਨੂੰ ਖ਼ੁਦਾ ਨੇ ਊਠਣੀ ਦੇ ਬਾਰੇ ਦੱਸਿਆ ਹੈ ਕਿ ਉਹ ਫ਼ਲਾਣੀ ਫ਼ਲਾਣੀ ਘਾਟੀ ਵਿੱਚ ਹੈ।

ਇਸੇ ਸਫ਼ਰ ਦੇ ਦੌਰਾਨ ਰਾਹ ਭੱਤਾ (ਜ਼ਾਦਿ ਰਾਹ) ਯਾਨੀ **ਰਾਸ਼ਨ** ਵੀ ਖ਼ਤਮ ਹੋ ਗਿਆ ਸੀ। ਰਸਤੇ ਵਿੱਚ ਲੋਕਾਂ ਨੂੰ ਭੁੱਖ ਲੱਗੀ ਤਾਂ ਉਨ੍ਹਾਂ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤੋਂ ਆਪਣੇ ਪਾਣੀ ਲਿਆਉਣ ਵਾਲੇ ਊਠਾਂ ਨੂੰ **ਜ਼ਿਬਹ** ਕਰਨ ਦੀ ਇਜਾਜ਼ਤ ਚਾਹੀ, ਜਿਹੜੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦੇ ਦਿੱਤੀ। ਪਰ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਇਸ ਤਰ੍ਹਾਂ ਤਾਂ ਸਵਾਰੀਆਂ ਘੱਟ ਹੋ ਜਾਣਗੀਆਂ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਐਸਾ ਕਰੋ ਕਿ ਲੋਕਾਂ ਦਾ ਬਾਕ਼ੀ ਬਚਿਆ ਹੋਇਆ ਰਾਸ਼ਨ ਮੰਗਵਾਓ ਅਤੇ ਉਸ 'ਤੇ **ਬਰਕਤ** ਦੀ ਦੁਆ ਕਰੋ। ਚੁਨਾਂਚਿ ਇੰਝ ਹੀ ਕੀਤਾ ਗਿਆ ਅਤੇ ਰਾਸ਼ਨ 'ਤੇ ਬਰਕਤ ਦੀ ਦੁਆ ਕੀਤੀ ਜਿਸ ਦੇ ਨਤੀਜੇ ਵਿੱਚ ਰਾਸ਼ਨ ਵਿੱਚ ਇੰਨੀ ਬਰਕਤ ਪਈ ਕਿ ਸਭ ਨੇ ਖਾਧਾ ਅਤੇ ਰੱਜ ਗਏ ਅਤੇ ਫਿਰ ਵੀ ਰਾਸ਼ਨ ਬਚ ਗਿਆ।

ਇਸ ਸਫ਼ਰ ਦੇ ਦੌਰਾਨ ਕਈ ਵਾਕ਼ਿਆਤ ਪੇਸ਼ ਆਏ ਜਿਨ੍ਹਾਂ ਤੋਂ ਵੱਖ ਵੱਖ ਨਤੀਜੇ ਅਤੇ ਰਹਿਨੁਮਾਈ ਦੀਆਂ ਗੱਲਾਂ ਪਤਾ ਲੱਗਦੀਆਂ ਹਨ। ਉਦਾਹਰਣ ਵਜੋਂ ਦੋ ਆਦਮੀਆਂ ਦੀ ਲੜਾਈ ਹੋਈ। ਇੱਕ ਨੇ ਦੂਸਰੇ ਦਾ ਹੱਥ ਚਬਾ ਲਿਆ ਅਤੇ ਜਦ ਦੂਸਰੇ ਸ਼ਖ਼ਸ ਨੇ ਹੱਥ ਖਿੱਚਣਾ ਚਾਹਿਆ ਤਾਂ ਪਹਿਲੇ ਸ਼ਖ਼ਸ ਦੇ **ਦੰਦ** ਟੁੱਟ ਗਏ। ਪਹਿਲੇ ਸ਼ਖ਼ਸ ਨੇ ਆਪਣੇ ਟੁੱਟਣ ਵਾਲੇ ਦੰਦਾਂ 'ਤੇ **ਮੁਆਵਜ਼ੇ** ਦੀ ਮੰਗ ਕੀਤੀ ਜਿਸ ਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਫ਼ਰਮਾ ਕੇ ਰੱਦ ਕਰ ਦਿੱਤਾ ਕਿ ਕੀ ਉਹ ਸ਼ਖ਼ਸ ਆਪਣਾ ਹੱਥ ਤੇਰੇ ਮੂੰਹ ਵਿੱਚ ਰਹਿਣ ਦਿੰਦਾ ਤਾਂ ਜੋ ਤੂੰ ਉਸ ਨੂੰ ਚਬਾ ਜਾਂਦਾ, ਜਿਵੇਂ ਕਿ ਉਸ ਦਾ ਹੱਥ ਕਿਸੇ ਊਠ ਦੇ ਮੂੰਹ ਵਿੱਚ ਹੈ। ਬਸ ਮੁਆਵਜ਼ੇ ਦਾ ਹੱਕ਼ਦਾਰ ਕ਼ਰਾਰ ਦੇਣ ਦਾ ਫ਼ੈਸਲਾ ਵੀ ਸੱਚਾਈ ਅਤੇ ਸਬੂਤਾਂ 'ਤੇ ਅਧਾਰਿਤ ਹੋਇਆ ਕਰਦਾ ਹੈ।

ਇਸੇ ਤਰ੍ਹਾਂ ਇਸ ਸਫ਼ਰ ਦੇ ਦੌਰਾਨ ਇੱਕ ਖਜੂਰ ਦੇ **ਬਾਗ਼** ਦੇ ਕੋਲੋਂ ਲੰਘਣਾ ਹੋਇਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕੁੱਝ ਸਹਾਬਾ ਨੂੰ ਫ਼ਰਮਾਇਆ ਕਿ ਅੰਦਾਜ਼ਾ ਲਾਓ ਕਿ ਇਸ ਬਾਗ਼ ਵਿੱਚ ਖਜੂਰ ਦਾ ਕਿੰਨਾ ਫਲ਼ ਹੋਵੇਗਾ? ਸਭ ਨੇ ਅੰਦਾਜ਼ਾ ਲਾਇਆ, ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਵੀ ਅੰਦਾਜ਼ਾ ਲਾਇਆ, ਬਾਗ਼ ਦੀ **ਮਾਲਕਿਨ** ਕੋਲ਼ ਹੀ ਖੜੀ ਸੀ। ਉਸ ਨੂੰ ਕਿਹਾ ਗਿਆ ਕਿ ਜਦ ਫਲ਼ ਉੱਤਰੇ ਤਾਂ ਇਸ ਦਾ ਵਜ਼ਨ ਯਾਦ ਰੱਖਣਾ। ਵਾਪਸੀ 'ਤੇ ਉਸ ਔਰਤ ਕੋਲੋਂ ਬਾਗ਼ 'ਚੋਂ ਹਾਸਿਲ ਹੋਣ ਵਾਲੇ ਫਲ਼ ਦਾ ਜਦ ਪੁੱਛਿਆ ਗਿਆ ਤਾਂ ਉਸ ਨੇ ਬਿਲਕੁਲ ਉਹੀ ਵਜ਼ਨ ਦੱਸਿਆ ਜਿਹੜਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅੰਦਾਜ਼ਾ ਲਾਇਆ ਸੀ।

ਫਿਰ ਇਸ ਸਫ਼ਰ ਦੌਰਾਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇੱਕ ਦਿਨ ਫ਼ਰਮਾਇਆ ਕਿ ਅੱਜ ਰਾਤ ਬਹੁਤ ਸ਼ਦੀਦ **ਹਨੇਰੀ** ਅਤੇ **ਤੂਫ਼ਾਨ** ਆਵੇਗਾ। ਚੁਨਾਂਚਿ ਇਸੇ ਤਰ੍ਹਾਂ ਹੋਇਆ ਅਤੇ ਬਹੁਤ ਸ਼ਿੱਦਤ ਦੀ ਹਨੇਰੀ ਆਈ। ਇਸ ਸਫ਼ਰ ਦੇ ਦੌਰਾਨ ਕਈ ਕ਼ਿਸਮ ਦੇ **ਚਮਤਕਾਰ** ਵੀ ਜ਼ਾਹਿਰ ਹੋਏ ਜਿਨ੍ਹਾਂ ਵਿੱਚ ਮੀਂਹ ਦੇ ਵਰ੍ਹਣ, ਖਾਣ ਪੀਣ ਦੇ ਰਾਸ਼ਨ ਵਿੱਚ ਵਾਧਾ ਅਤੇ ਖ਼ਾਲੀ ਖੂਹ ਵਿੱਚ ਪਾਣੀ ਭਰ ਜਾਣ ਵਰਗੇ ਚਮਤਕਾਰ ਸ਼ਾਮਿਲ ਹਨ।

ਗ਼ਜ਼ਵਾ ਤਬੂਕ ਵਿੱਚ ਪਹਿਰੇਦਾਰੀ ਦੇ ਹਵਾਲੇ ਨਾਲ਼ ਜ਼ਿਕਰ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਖ਼ਾਸ ਹਿਫ਼ਾਜ਼ਤ 'ਤੇ ਹਜ਼ਰਤ ਉਬਾਦ ਬਿਨ ਬਿਸ਼੍ਰ ਰਜ਼ਿ ਅੱਲਾਹੁ ਅਨਹੁ ਨੂੰ ਮੁਕ਼ੱਰਰ ਫ਼ਰਮਾਇਆ ਜਿਹੜੇ ਆਪਣੇ ਸਾਥੀਆਂ ਦੇ ਨਾਲ਼ ਫ਼ੌਜ ਦੇ ਆਲੇ ਦੁਆਲੇ ਚੱਕਰ ਲਾਉਂਦੇ ਸਨ। ਇੱਕ ਦਿਨ ਉਨ੍ਹਾਂ ਨੇ ਅਰਜ਼ ਕੀਤਾ ਕਿ ਯਾ ਰਸੂਲੁੱਲਾਹ! ਅਸੀਂ ਰਾਤ ਨੂੰ ਚੱਕਰ ਲਾਉਂਦੇ ਹੋਏ ਤਕਬੀਰ ਦੀ ਆਵਾਜ਼ ਸੁਣਦੇ ਹਾਂ। ਕੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਾਡੇ ਇਲਾਵਾ ਵੀ ਕਿਸੇ ਨੂੰ ਪਹਿਰੇ 'ਤੇ ਮੁਕ਼ੱਰਰ ਫ਼ਰਮਾਇਆ ਹੋਇਆ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਨਹੀਂ! ਮੈਂ ਤਾਂ ਤੁਹਾਡੇ ਸਿਵਾ ਕਿਸੇ ਨੂੰ ਮੁਕ਼ੱਰਰ ਨਹੀਂ ਕੀਤਾ ਪਰ ਹੋ ਸਕਦਾ ਹੈ ਕਿ ਕੁੱਝ ਮੁਸਲਮਾਨ ਆਪਣੇ ਆਪ **ਸਵੈ ਸੇਵਕ** ਦੇ ਤੌਰ 'ਤੇ ਨਿਕਲ਼ਦੇ ਹੋਣ। ਇਸ

'ਤੇ ਹਜ਼ਰਤ ਸਿਲਕਾਨ ਬਿਨ ਸਲਾਮਹ ਰਜ਼ਿ ਅੱਲਾਹੁ ਅਨਹੁ ਖੜੇ ਹੋਏ ਜਿਨ੍ਹਾਂ ਦੀ ਡਿਊਟੀ ਨਹੀਂ ਲਾਈ ਗਈ ਸੀ ਪਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਹੱਬਤ ਵਿੱਚ ਆਪਣੇ ਆਪ ਕੰਮ ਕਰ ਰਹੇ ਸਨ। ਉਨ੍ਹਾਂ ਨੇ ਅਰਜ਼ ਕੀਤਾ ਕਿ ਯਾ ਰਸੂਲੁੱਲਾਹ! ਮੈਂ ਆਪਣੇ ਦਸ ਘੋੜ ਸਵਾਰਾਂ ਦੇ ਨਾਲ਼ ਨਿਕਲ਼ਦਾ ਹਾਂ ਅਤੇ ਉਨ੍ਹਾਂ ਡਿਊਟੀ ਦੇਣ ਵਾਲਿਆਂ ਦੀ **ਹਿਫ਼ਾਜ਼ਤ** ਕਰਦਾ ਹਾਂ। ਇਸ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦੁਆ ਦਿੰਦੇ ਹੋਏ ਫ਼ਰਮਾਇਆ ਕਿ ਅੱਲਾਹ ਤਆਲਾ ਰਾਹਿ ਖ਼ੁਦਾ ਵਿੱਚ ਹਿਫ਼ਾਜ਼ਤ ਕਰਨ ਵਾਲਿਆਂ ਦੀ ਹਿਫ਼ਾਜ਼ਤ ਕਰਨ ਵਾਲਿਆਂ 'ਤੇ ਰਹਿਮ ਕਰੇ। ਲੋਕਾਂ ਵਿੱਚੋਂ ਜਾਂ ਜਾਨਵਰਾਂ ਵਿੱਚੋਂ ਤੁਸੀਂ ਜਿਸ ਜਿਸ ਦੀ ਹਿਫ਼ਾਜ਼ਤ ਕੀਤੀ ਹੈ ਹਰ ਜਾਨ ਅਤੇ ਜਾਨਵਰ ਦੇ ਬਦਲੇ ਤੁਹਾਨੂੰ ਇੱਕ ਇੱਕ **ਕ਼ੀਰਾਤ** ਅਜ੍ਰ ਮਿਲ਼ੇਗਾ।

ਤਬੂਕ ਦੇ ਸਫ਼ਰ ਦੇ ਦੌਰਾਨ ਲੋਕਾਂ ਦਾ ਇਹ ਹਾਲ ਸੀ ਕਿ ਹਰ ਪੜਾਅ ਦੇ ਦੌਰਾਨ ਕੁੱਝ ਨਾ ਕੁੱਝ ਲੋਕ ਪਿੱਛੇ ਰਹਿ ਜਾਂਦੇ ਸਨ। ਸਹਾਬਾ ਦੱਸਦੇ ਕਿ ਹਜ਼ੂਰ ਅੱਜ **ਫ਼ਲਾਣਾ** ਪਿੱਛੇ ਰਹਿ ਗਿਆ ਹੈ। ਇਸ 'ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ਰਮਾਉਂਦੇ ਕਿ ਉਸਨੂੰ ਛੱਡੋ, ਜੇਕਰ ਉਸ ਵਿੱਚ ਕੋਈ ਭਲਾਈ ਹੋਵੇਗੀ ਤਾਂ ਅੱਲਾਹ ਤਆਲਾ ਉਸ ਨੂੰ ਤੁਹਾਡੇ ਨਾਲ਼ ਮਿਲ਼ਾ ਦੇਵੇਗਾ ਅਤੇ ਜੇਕਰ ਉਸ ਦੇ ਸਿਵਾ ਕੋਈ ਗੱਲ ਹੋਵੇਗੀ ਤਾਂ ਅੱਲਾਹ ਤਆਲਾ ਤੁਹਾਨੂੰ ਉਸ ਤੋਂ ਛੁਟਕਾਰਾ ਦਵਾ ਦੇਵੇਗਾ। ਇਸੇ ਤਰ੍ਹਾਂ ਇੱਕ ਵਾਰ ਹਜ਼ਰਤ ਅਬੂ ਜ਼ਰ ਰਜ਼ਿ ਅੱਲਾਹੁ ਅਨਹੁ ਦਾ ਊਠ ਬਿਲਕੁਲ ਸੁਸਤ ਹੋ ਗਿਆ ਸੀ। ਆਖ਼ਿਰਕਾਰ ਉਨ੍ਹਾਂ ਨੇ ਆਪਣੇ ਊਠ ਨੂੰ ਛੱਡ ਦਿੱਤਾ ਅਤੇ ਸਮਾਨ ਸਿਰ 'ਤੇ ਚੁੱਕ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਪਿੱਛੇ ਚੱਲ ਪਏ। ਕੁੱਝ ਦਿਨਾਂ ਦੇ ਬਾਅਦ ਇੱਕ ਪੜਾਅ 'ਤੇ ਲੋਕਾਂ ਨੇ ਦੇਖਿਆ ਕਿ ਕੋਈ ਸ਼ਖ਼ਸ ਇਕੱਲਾ ਚਲਿਆ ਆ ਰਿਹਾ ਹੈ ਤਾਂ ਲੋਕਾਂ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਸੂਚਨਾ ਦਿੱਤੀ। ਇਸ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ **ਕਾਸ਼**! ਇਹ ਅਬੂ ਜ਼ਰ ਹੋਵੇ। ਜਦ ਉਹ ਕ਼ਰੀਬ ਪਹੁੰਚੇ ਤਾਂ ਲੋਕਾਂ ਨੇ ਦੱਸਿਆ ਕਿ ਉਹ ਸ਼ਖ਼ਸ ਹਜ਼ਰਤ ਅਬੂ ਜ਼ਰ ਰਜ਼ਿ ਅੱਲਾਹੁ ਅਨਹੁ ਹੀ ਹਨ। ਇਸ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਅੱਲਾਹ ਅਬੂ ਜ਼ਰ 'ਤੇ ਰਹਿਮ ਫ਼ਰਮਾਵੇ, ਉਹ **ਇਕੱਲਾ** ਹੀ ਚੱਲਿਆ ਹੈ, **ਇਕੱਲਾ** ਹੀ ਫ਼ੌਤ ਹੋਵੇਗਾ ਅਤੇ **ਇਕੱਲਾ** ਹੀ ਚੁੱਕਿਆ ਜਾਵੇਗਾ। ਹਜ਼ਰਤ ਅਬੂ ਜ਼ਰ ਰਜ਼ਿ ਅੱਲਾਹੁ ਅਨਹੁ ਦੇ ਬਾਰੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਇਰਸ਼ਾਦ **ਹਰਫ਼-ਬ-ਹਰਫ਼** ਪੂਰਾ ਹੋਇਆ। ਚੁਨਾਂਚਿ ਹਜ਼ਰਤ ਉਸਮਾਨ ਦੇ ਦੌਰਿ ਖ਼ਿਲਾਫ਼ਤ ਵਿੱਚ ਉਹ ਆਪਣੇ ਪਰਿਵਾਰ ਦੇ ਨਾਲ਼ ਮਦੀਨੇ ਤੋਂ ਬਾਹਰ ਇੱਕ ਦੂਰ ਮੁਕ਼ਾਮ 'ਤੇ ਸ਼ਿਫ਼ਟ ਹੋ ਗਏ ਸਨ। ਜਦ ਉਨ੍ਹਾਂ ਦੀ ਵਫ਼ਾਤ ਦਾ ਵੇਲ਼ਾ ਨਜ਼ਦੀਕ ਆਇਆ ਤਾਂ ਉਨ੍ਹਾਂ ਦੀ ਬੀਵੀ ਪਰੇਸ਼ਾਨ ਹੋਈ। ਇਸ 'ਤੇ ਹਜ਼ਰਤ ਅਬੂ ਜ਼ਰ ਰਜ਼ਿ ਅੱਲਾਹੁ ਅਨਹੁ ਨੇ ਫ਼ਰਮਾਇਆ ਕਿ ਪਰੇਸ਼ਾਨ ਨਾ ਹੋ। ਮੈਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਫ਼ਰਮਾਉਂਦੇ ਹੋਏ ਸੁਣਿਆ ਸੀ ਕਿ ਤੁਹਾਡੇ ਵਿੱਚੋਂ ਇੱਕ ਸ਼ਖ਼ਸ ਬੀਆਬਾਨ ਜੰਗਲ਼ ਵਿੱਚ ਫ਼ੌਤ ਹੋਵੇਗਾ ਅਤੇ ਉਸਦੀ ਨਮਾਜ਼ਿ ਜਨਾਜ਼ਾ ਵਿੱਚ ਈਮਾਨ ਵਾਲਿਆਂ ਦੀ ਇੱਕ ਜਮਾਅਤ ਸ਼ਰੀਕ ਹੋਵੇਗੀ। ਨਾਲ਼ ਹੀ ਹਜ਼ਰਤ ਅਬੂ ਜ਼ਰ ਰਜ਼ਿ ਅੱਲਾਹੁ ਅਨਹੁ ਨੇ ਕਿਹਾ ਕਿ ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ਰਮਾਇਆ ਸੀ ਤਾਂ ਉਸ ਵੇਲ਼ੇ ਜਿੰਨੇ ਲੋਕ ਉੱਥੇ ਮੌਜੂਦ ਸਨ, ਉਹ ਸਭ ਫ਼ੌਤ ਹੋ ਚੁੱਕੇ ਹਨ ਅਤੇ ਉਨ੍ਹਾਂ ਵਿੱਚੋਂ ਕੋਈ ਵੀ ਬੀਆਬਾਨ ਜੰਗਲ਼ ਵਿੱਚ ਫ਼ੌਤ ਨਹੀਂ ਹੋਇਆ। ਮੈਂ ਹੀ ਉਹ ਸ਼ਖ਼ਸ ਹਾਂ, ਬਸ ਤੂੰ ਪਰੇਸ਼ਾਨ ਨਾ ਹੋ। ਜਦ ਮੈਂ ਫ਼ੌਤ ਹੋ ਜਾਵਾਂਗਾ ਤਾਂ ਮੈਨੂੰ ਗ਼ੁਸਲ ਦੇ ਕੇ ਮਦੀਨੇ ਜਾਣ ਵਾਲ਼ੇ ਰਸਤੇ 'ਤੇ ਰੱਖ ਦੇਣਾ। ਚੁਨਾਂਚਿ ਅਜਿਹਾ ਹੀ ਕੀਤਾ ਗਿਆ। ਅਜੇ ਥੋੜੀ ਦੇਰ ਲੰਘੀ ਸੀ ਕਿ ਉੱਥੋਂ ਹਜ਼ਰਤ ਅਬਦੁੱਲਾਹ ਬਿਨ ਮਸਊਦ ਰਜ਼ਿ ਅੱਲਾਹੁ ਅਨਹੁ ਆਪਣੇ ਸਾਥੀਆਂ ਸਮੇਤ ਲੰਘੇ। ਉਹ ਇਰਾਕ਼ ਤੋਂ ਉਮਰੇ ਦੀ ਨੀਅਤ ਨਾਲ਼ ਜਾ ਰਹੇ ਸਨ। ਜਦ ਉਨ੍ਹਾਂ ਨੂੰ ਪਤਾ ਲੱਗਿਆ ਕਿ ਇਹ ਹਜ਼ਰਤ ਅਬੂ ਜ਼ਰ ਰਜ਼ਿ ਅੱਲਾਹੁ ਅਨਹੁ ਦਾ ਜਨਾਜ਼ਾ ਹੈ ਤਾਂ ਉਹ ਰੋਣ ਲੱਗੇ ਅਤੇ ਉਨ੍ਹਾਂ ਨੇ ਕਿਹਾ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸੱਚ ਫ਼ਰਮਾਇਆ ਸੀ ਕਿ ਅਬੂ ਜ਼ਰ **ਇਕੱਲਾ** ਹੀ ਚੱਲਦਾ ਹੈ ਅਤੇ **ਇਕੱਲਾ** ਹੀ ਫ਼ੌਤ

ਹੋਵੇਗਾ। ਫਿਰ ਉਨ੍ਹਾਂ ਨੇ ਆਪਣੇ ਸਾਥੀਆਂ ਦੇ ਨਾਲ ਹਜ਼ਰਤ ਅਬੂ ਜ਼ਰ ਰਜ਼ਿ ਅੱਲਾਹੁ ਅਨਹੁ ਦਾ **ਜਨਾਜ਼ਾ** ਪੜ੍ਹਿਆ ਅਤੇ ਉਨਾਂ ਨੂੰ ਉੱਥੇ ਹੀ ਦਫ਼ਨਾਇਆ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ **ਰਬਵਾ** ਦੀ ਮਸਜਿਦ 'ਤੇ ਹਮਲੇ ਦੇ ਵਾਕ਼ੇ ਵਿੱਚ ਜਿਹੜੇ ਜ਼ਖ਼ਮੀ ਹੋਏ ਸਨ ਉਨ੍ਹਾਂ ਦੇ ਲਈ ਦੁਆ ਕਰੋ ਕਿ ਜ਼ਿਆਦਾ ਜ਼ਖ਼ਮੀਆਂ ਨੂੰ ਅੱਲਾਹ ਤਆਲਾ ਆਪਣੀ ਹਿਫ਼ਾਜ਼ਤ ਵਿੱਚ ਰੱਖੇ ਅਤੇ ਛੇਤੀ **ਮੁਕੰਮਲ** ਸਿਹਤ ਅਤਾ ਫ਼ਰਮਾਵੇ। ਪਾਕਿਸਤਾਨ ਵਿੱਚ ਵਿਰੋਧੀਆਂ ਦੇ ਹਰ **ਮਨਸੂਬੇ** ਨੂੰ ਨਾਕਾਮ ਕਰੇ। ਰਬਵਾ ਵਿੱਚ **ਖ਼ਤਮਿ ਨਬੁੱਵਤ** ਦੇ ਨਾਮ 'ਤੇ ਵਿਰੋਧੀਆਂ ਦਾ ਜਲਸਾ ਹੋ ਰਿਹਾ ਹੈ, ਮੌਲਵੀਆਂ ਨੇ ਜੋ ਗੰਦ ਅਤੇ **ਗ਼ਲਾਜ਼ਤ** ਬੋਲਣੀ ਹੈ, ਬੋਲ ਰਹੇ ਹਨ। ਅੱਲਾਹ ਤਆਲਾ ਉਨ੍ਹਾਂ ਦੇ ਸ਼ੱਰ ਤੋਂ ਮਹਿਫ਼ੂਜ਼ ਰੱਖੇ। **ਬੰਗਲਾਦੇਸ਼** ਦੇ ਅਹਮਦੀਆਂ ਲਈ ਵੀ ਦੁਆ ਕਰੋ। ਉੱਥੇ ਵੀ ਵਿਰੋਧੀਆਂ ਦੇ ਬੜੇ ਬੁਰੇ **ਇਰਾਦੇ** ਲੱਗਦੇ ਹਨ। ਅੱਲਾਹ ਤਆਲਾ ਉੱਥੇ ਵੀ ਹਰ ਅਹਿਮਦੀ ਨੂੰ ਮਹਿਫ਼ੂਜ਼ ਰੱਖੇ। **ਮਿਡਲ ਈਸਟ** ਦੇ ਲਈ ਵੀ ਦੁਆ ਕਰੋ। ਅੱਲਾਹ ਤਆਲਾ ਉਨ੍ਹਾਂ 'ਤੇ ਵੀ ਰਹਿਮ ਫ਼ਰਮਾਵੇ ਅਤੇ ਜ਼ਾਲਿਮਾਂ ਤੋਂ ਨਿਜਾਤ ਦੇਵੇ। ਪਿਛਲੇ ਦੋ ਦਿਨਾਂ ਵਿੱਚ ਜਿਹੜੇ ਵਾਕ਼ਿਆਤ ਹੋਏ ਹਨ, ਉਨ੍ਹਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਇਹ **ਜੰਗਬੰਦੀ** ਜਿਹੜੀ ਕਹੀ ਜਾ ਰਹੀ ਸੀ ਸਿਰਫ਼ ਨਾਮ ਦੀ ਜੰਗਬੰਦੀ ਸੀ। ਅੱਲਾਹ ਤਆਲਾ ਉਨ੍ਹਾਂ **ਮਜ਼ਲੂਮਾਂ** ਨੂੰ **ਜ਼ੁਲਮ** ਤੋਂ ਬਚਾਵੇ ਅਤੇ **ਜ਼ਾਲਿਮਾਂ** ਦੀ ਪਕੜ ਕਰੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞